# ਬਦਲਦੀ ਦੁਨੀਆ ਵਿੱਚ ਸੰਪੂਰਨ ਸਿਹਤ ਸੰਭਾਲ ਦੀ ਮੁੜ ਕਲਪਨਾ

## ਮੁੱਖ ਬਿੰਦੂ

- ਹੋਮਿਓਪੈਥੀ ਦੇ ਫਾਉਂਡਰ, ਡਾ. ਸੈਮੂਅਲ ਹੈਨੀਮੈਨ ਦਾ ਜਨਮ ਦਿਨ ਹਰ ਸਾਲ 10 ਅਪ੍ਰੈਲ ਨੂੰ ਵਿਸ਼ਵ ਹੋਮਿਓਪੈਥੀ ਦਿਵਸ ਵਜੋਂ ਮਨਾਇਆ ਜਾਂਦਾ ਹੈ।
- ਵਿਸ਼ਵ ਹੋਮਿਓਪੈਥੀ ਦਿਵਸ 2026 ਦਾ ਵਿਸ਼ਾ 'ਟਿਕਾਊ ਸਿਹਤ ਲਈ ਹੋਮਿਓਪੈਥੀ' ਹੈ।
- ਭਾਰਤ ਦੁਨੀਆ ਦੇ ਸਭ ਤੋਂ ਵੱਡੇ ਹੋਮਿਓਪੈਥੀ ਕਾਰਜਬਲ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ।
- ਭਾਰਤ ਵਿੱਚ ਹੋਮਿਓਪੈਥੀ ਦੀ ਸ਼ੁਰੂਆਤ 1810 ਵਿੱਚ ਹੋਈ ਸੀ ਜਦੋਂ ਜਰਮਨ ਮਿਸ਼ਨਰੀਆਂ ਨੇ ਦਵਾਈਆਂ ਵੰਡਣੀਆਂ ਸ਼ੁਰੂ ਕੀਤੀਆਂ ਸਨ।
- ਭਾਰਤ ਵਿੱਚ 3.45 ਲੱਖ ਰਜਿਸਟਰਡ ਹੋਮਿਓਪੈਥੀ ਡਾਕਟਰ, 8590 ਹੋਮਿਓਪੈਥੀ ਕਲੀਨਿਕ, 277 ਹੋਮਿਓਪੈਥੀ ਸਿੱਖਿਆ ਸੰਸਥਾਵਾਂ ਅਤੇ 34 ਹੋਮਿਓਪੈਥੀ ਖੋਜ ਕੇਂਦਰ ਹਨ।

## ਇੱਕ ਨਿਰੰਤਰ ਵਿਕਸਿਤ ਹੋ ਰਹੀ ਪਰੰਪਰਾ

ਹੋਮਿਓਪੈਥੀ ਯੂਨਾਨੀ ਸ਼ਬਦ ਹੋਮੋਇਸ (ਸਮਰੂਪ) ਅਤੇ ਪੈਥੋਸ (ਨਿਰਭਰਤਾ) ਤੋਂ ਲਿਆ ਗਿਆ ਹੈ, ਇਹ ਦਵਾਈ ਦੀ ਇੱਕ ਅਜਿਹੀ ਪ੍ਰਣਾਲੀ ਹੈ ਜੋ ਉਪਚਾਰਾਂ ਦੀ ਵਰਤੋਂ ਕਰਦੀ ਹੈ ਜੋ ਮਰੀਜ਼ਾਂ ਦੁਆਰਾ ਅਨੁਭਵ ਕੀਤੇ ਗਏ ਲੱਛਣਾਂ ਦੇ ਸਮਾਨ ਪ੍ਰਭਾਵ ਪੈਦਾ ਕਰਦੇ ਹਨ। ਇਸ ਪ੍ਰਣਾਲੀ ਨੂੰ 1796 ਵਿੱਚ ਹੋਮਿਓਪੈਥੀ ਦੇ ਫਾਉਂਡਰ ਸੈਮੂਅਲ ਹੈਨੀਮੈਨ ਦੁਆਰਾ ਰਸਮੀ ਰੂਪ ਦਿੱਤਾ ਗਿਆ ਸੀ। ਉਨ੍ਹਾਂ ਦੀ ਜਨਮ ਵਰ੍ਹੇਗੰਢ ਹਰ ਵਰ੍ਹੇ 10 ਅਪ੍ਰੈਲ ਨੂੰ ਵਿਸ਼ਵ ਹੋਮਿਓਪੈਥੀ ਦਿਵਸ ਵਜੋਂ ਮਨਾਈ ਜਾਂਦੀ ਹੈ ਅਤੇ ਇਸ ਵਰ੍ਹੇ ਦਾ ਵਿਸ਼ਾ "ਸਥਾਈ ਸਿਹਤ ਲਈ ਹੋਮਿਓਪੈਥੀ" ਹੈ।

**Samuel Hahnemann** (1755-1843) was a German physician, who founded homoeopathy in the late 18th century.




His seminal work, ***Organon of Medicine***, continues to guide Homoeopathy practice worldwide, and his birth anniversary on April 10 is observed as World Homoeopathy Day.

ਸੈਮੂਅਲ ਹੈਨੀਮੈਨ (1755-1843) ਇੱਕ ਜਰਮਨ ਡਾਕਟਰ ਸੀ ਜਿਸਨੇ 18ਵੀਂ ਸਦੀ ਦੇ ਅਖੀਰ ਵਿੱਚ ਹੋਮਿਓਪੈਥੀ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਦਾ ਇਤਿਹਾਸਕ ਕੰਮ, "ਔਰਗਨਨ ਆਫ਼ ਮੈਡੀਸਨ," ਦੁਨੀਆ ਭਰ ਵਿੱਚ ਹੋਮਿਓਪੈਥਿਕ ਪ੍ਰੈਕਟੀਸ਼ਨਰਾਂ ਦਾ ਮਾਰਗਦਰਸ਼ਨ ਕਰਦਾ ਰਹਿੰਦਾ ਹੈ। 10 ਅਪ੍ਰੈਲ, ਉਨ੍ਹਾਂ ਦੀ ਜਨਮ ਵਰ੍ਹੇਗੰਢ, ਵਿਸ਼ਵ ਹੋਮਿਓਪੈਥੀ ਦਿਵਸ ਵਜੋਂ ਮਨਾਈ ਜਾਂਦੀ ਹੈ।

ਉਨ੍ਹਾਂ ਨੇ ਇਸਦੇ ਬੁਨਿਆਦੀ ਸਿਧਾਂਤ ਸਥਾਪਿਤ ਕੀਤੇ, ਜਿਨ੍ਹਾਂ ਵਿੱਚੋਂ ਪਹਿਲਾ ਸਿਧਾਂਤ ਸੀ "ਦਰਦ ਖੁਦ ਦਵਾਈ ਬਣ ਜਾਂਦਾ ਹੈ।" ਇਸ ਸਿਧਾਂਤ ਦੇ ਅਨੁਸਾਰ, ਜੋ ਚੀਜ ਇੱਕ ਸਿਹਤਮੰਦ ਵਿਅਕਤੀ ਵਿੱਚ ਵਿਕਾਰ ਦਾ ਕਾਰਨ ਬਣਦੀ ਹੈ, ਜੇਕਰ ਸਾਵਧਾਨੀ ਨਾਲ ਤਿਆਰ ਕੀਤੇ ਗਏ ਰੂਪ ਵਿੱਚ ਦਿੱਤੀ ਜਾਵੇ, ਤਾਂ ਉਹ ਇੱਕ ਬਿਮਾਰ ਵਿਅਕਤੀ ਵਿੱਚ ਵੀ ਓਹੀ ਲੱਛਣਾਂ ਦਾ ਇਲਾਜ ਕਰ ਸਕਦੀ ਹੈ। ਦੂਜਾ ਸਿਧਾਂਤ, ਜਿਸ ਨੂੰ "ਘੱਟੋ-ਘੱਟ ਖੁਰਾਕ" ਨਿਯਮ ਕਿਹਾ ਜਾਂਦਾ ਹੈ, ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਦਵਾਈਆਂ ਦੀ ਵਰਤੋਂ ਸਰੀਰ ਦੀਆਂ

ਸਵੈ-ਇਲਾਜ ਪ੍ਰਕਿਰਿਆਵਾਂ ਨੂੰ ਸਰਗਰਮ ਕਰਨ ਲਈ ਟਿਊਨ ਕੀਤੇ ਗਏ ਤਰੀਕੇ ਨਾਲ ਕੀਤੀ ਜਾਣੀ ਚਾਹੀਦੀ ਹੈ, ਇਸ ਤਰ੍ਹਾਂ ਉਨ੍ਹਾਂ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕੀਤਾ ਜਾਣਾ ਚਾਹੀਦਾ ਹੈ।




ਹੋਮਿਓਪੈਥਿਕ ਦਵਾਈਆਂ ਕੁਦਰਤੀ ਸਰੋਤਾਂ ਜਿਵੇਂ ਕਿ ਪੌਦਿਆਂ, ਖਣਿਜਾਂ ਅਤੇ ਜਾਨਵਰਾਂ ਦੇ ਪਦਾਰਥਾਂ ਤੋਂ ਪਤਲਾ ਕਰਨ ਅਤੇ ਸੋਖਣ ਦੀ ਪ੍ਰਕਿਰਿਆ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਗੋਲੀਆਂ, ਛੋਟੀਆਂ ਗੋਲੀਆਂ ਅਤੇ ਤਰਲ ਪਦਾਰਥਾਂ ਵਰਗੇ ਰੂਪਾਂ ਵਿੱਚ ਦਿੱਤੀਆਂ ਜਾਂਦੀਆਂ ਹਨ। ਇੱਕ ਮੁੱਖ ਵਿਸ਼ੇਸ਼ਤਾ ਇਸ ਦਾ "ਵਿਅਕਤੀ-ਅਧਾਰਿਤ ਦ੍ਰਿਸ਼ਟੀਕੋਣ" ਹੈ, ਜਿਸ ਵਿੱਚ ਇਲਾਜ ਸਿਰਫ਼ ਬਿਮਾਰੀ ਦੀ ਬਜਾਏ ਮਰੀਜ਼ ਦੀ ਸਮੁੱਚੀ ਸਰੀਰਕ ਅਤੇ ਮਾਨਸਿਕ ਸਥਿਤੀ 'ਤੇ ਕੇਂਦ੍ਰਿਤ ਹੁੰਦਾ ਹੈ।

ਭਾਰਤ ਵਿੱਚ, ਹੋਮਿਓਪੈਥੀ ਇੱਕ ਵਿਆਪਕ ਤੌਰ 'ਤੇ ਪ੍ਰਚਲਿਤ ਚਿਕਿਤਸਾ ਪ੍ਰਣਾਲੀ ਦੇ ਰੂਪ ਵਿੱਚ ਵਿਕਸਿਤ ਹੋ ਗਈ ਹੈ ਜੋ ਸਿਹਤ ਨੂੰ ਬਣਾਈ ਰੱਖਣ, ਪੁਰਾਣੀਆਂ ਬਿਮਾਰੀਆਂ ਨੂੰ ਠੀਕ ਕਰਨ ਅਤੇ ਸਮੁੱਚੀ ਤੰਦਰੁਸਤੀ ਅਤੇ ਕੁਸ਼ਲਤਾ ਨੂੰ ਬਣਾਈ ਰੱਖਣ ਵਿੱਚ ਯੋਗਦਾਨ ਪਾਉਂਦੀ ਹੈ।

**ਵਿਸ਼ਵ ਹੋਮਿਓਪੈਥੀ ਦਿਵਸ 2026: ਮੁੱਖ ਗੱਲਾਂ**

ਦੇਸ਼ ਵਿਆਪੀ ਸਮਾਗਮ: ਰਾਸ਼ਟਰੀ ਹੋਮਿਓਪੈਥੀ ਕਮਿਸ਼ਨ ਨੇ ਰਾਜ ਪ੍ਰੀਸ਼ਦਾਂ, ਸੰਸਥਾਵਾਂ ਅਤੇ ਪ੍ਰੈਕਟੀਸ਼ਨਰਾਂ ਨੂੰ 10 ਅਪ੍ਰੈਲ ਨੂੰ ਦੇਸ਼ ਭਰ ਵਿੱਚ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕਰਨ ਦਾ ਸੱਦਾ ਦਿੱਤਾ ਹੈ।




- ਵਿਦਿਅਕ ਪ੍ਰੋਗਰਾਮ: ਸੈਮੀਨਾਰ, ਕਲੀਨਿਕਲ ਚਰਚਾਵਾਂ ਅਤੇ ਮੁਕਾਬਲੇ ਵਿਦਿਆਰਥੀਆਂ ਅਤੇ ਪ੍ਰੈਕਟੀਸ਼ਨਰਾਂ ਵਿੱਚ ਗਿਆਨ ਦੇ ਅਦਾਨ-ਪ੍ਰਦਾਨ ਅਤੇ ਪੇਸ਼ੇਵਰ ਉੱਤਮਤਾ ਨੂੰ ਉਤਸ਼ਾਹਿਤ ਕਰਨਗੇ।
- ਜਨਤਕ ਪਹੁੰਚ: ਮੁਫ਼ਤ ਸਿਹਤ ਜਾਂਚ, ਜਾਗਰੂਕਤਾ ਮੁਹਿੰਮਾਂ ਅਤੇ ਭਾਈਚਾਰਕ ਗਤੀਵਿਧੀਆਂ ਰੋਕਥਾਮ ਅਤੇ ਸੰਪੂਰਨ ਦੇਖਭਾਲ ਵਿੱਚ ਹੋਮਿਓਪੈਥੀ ਦੀ ਭੂਮਿਕਾ ਨੂੰ ਉਜਾਗਰ ਕਰਨਗੀਆਂ।

- ਰਚਨਾਤਮਕ ਭਾਗੀਦਾਰੀ: ਲੇਖ ਲਿਖਣ, ਪੋਸਟਰ ਬਣਾਉਣ ਅਤੇ ਛੋਟੀਆਂ ਵੀਡੀਓ ਪੇਸ਼ਕਾਰੀਆਂ ਵਰਗੇ ਮੁਕਾਬਲੇ ਜਨਤਾ ਅਤੇ ਵਿਦਿਆਰਥੀਆਂ ਦੀ ਵਿਆਪਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਗੇ।

**ਪਰੰਪਰਾ ਤੋਂ ਨੀਤੀਗਤ ਤਰਜੀਹ ਤੱਕ**

ਲਗਭਗ 250,000 ਰਜਿਸਟਰਡ ਹੋਮਿਓਪੈਥੀ ਪ੍ਰੈਕਟੀਸ਼ਨਰਾਂ ਦੇ ਨਾਲ, ਭਾਰਤ ਦੁਨੀਆ ਦੇ ਸਭ ਤੋਂ ਵੱਡੇ ਹੋਮਿਓਪੈਥਿਕ ਕਾਰਜਬਲਾਂ ਵਿੱਚੋਂ ਇੱਕ ਹੈ। ਪਿਛਲੀ ਸਦੀ ਵਿੱਚ, ਇਹ ਪ੍ਰਣਾਲੀ ਨਾ ਸਿਰਫ਼ ਕਾਇਮ ਰਹੀ ਹੈ ਸਗੋਂ ਕੁਦਰਤੀ ਅਤੇ ਰੋਕਥਾਮ ਸਿਹਤ ਸੰਭਾਲ ਦੀਆਂ ਦੇਸ਼ ਦੀਆਂ ਅਮੀਰ ਪਰੰਪਰਾਵਾਂ ਨਾਲ ਇਕਸੁਰਤਾ ਨਾਲ ਜੁੜੀ ਹੋਈ ਹੈ।

ਹਾਲ ਹੀ ਦੇ ਵਰ੍ਹਿਆਂ ਵਿੱਚ, ਮਜ਼ਬੂਤ ਸੰਸਥਾਗਤ ਸਮਰਥਨ ਦੁਆਰਾ ਇਸ ਸਵੀਕ੍ਰਿਤੀ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ। 2014 ਵਿੱਚ ਆਯੁਸ਼ ਮੰਤਰਾਲੇ ਦੀ ਸਥਾਪਨਾ ਨੇ ਨਿਰਣਾਇਕ ਇੱਕ ਮੋੜ ਲਿਆ, ਜਿਸ ਵਿੱਚ ਖੋਜ, ਮਾਨਕੀਕਰਣ ਅਤੇ ਵਿਸ਼ਵਵਿਆਪੀ ਪਹੁੰਚ ਦੇ ਖੇਤਰਾਂ ਵਿੱਚ ਯੋਜਨਾਬੱਧ ਕਾਰਵਾਈਆਂ ਰਾਹੀਂ ਹੋਮਿਓਪੈਥੀ ਵੱਲ ਨੀਤੀਗਤ ਤਰੀਕੇ ਨਾਲ ਧਿਆਨ ਕੇਂਦ੍ਰਿਤ ਕੀਤਾ ਗਿਆ। ਇਨ੍ਹਾਂ ਯਤਨਾਂ ਨੇ ਹੋਮਿਓਪੈਥੀ ਨੂੰ ਇੱਕ ਪੁਰਾਣੀ ਚਿਕਿਤਸਾ ਪ੍ਰਣਾਲੀ ਤੋਂ ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਦੇ ਇੱਕ ਪ੍ਰਸਿੱਧ ਅਤੇ ਨੀਤੀ-ਸੰਚਾਲਿਤ ਹਿੱਸੇ ਦੇ ਰੂਪ ਵਿੱਚ ਬਦਲਣ ਵਿੱਚ ਮਦਦ ਕੀਤੀ ਹੈ।

**ਭਾਰਤ ਵਿੱਚ ਹੋਮਿਓਪੈਥੀ ਦਾ ਇਤਿਹਾਸ**

19ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤ ਵਿੱਚ ਹੋਮਿਓਪੈਥੀ ਦੀ ਸ਼ੁਰੂਆਤ ਹੋਈ, ਜਿਸਨੇ ਇਸ ਦੇ ਹੌਲੀ-ਹੌਲੀ ਵਿਸਥਾਰ ਦੀ ਨੀਂਹ ਰੱਖੀ। 1810 ਦੇ ਆਸ-ਪਾਸ, ਸੈਮੂਅਲ ਹੈਨੀਮੈਨ ਦੇ ਇੱਕ ਚੇਲੇ, ਜੌਨ ਮਾਰਟਿਨ ਹੋਨਿਗਬਰਗਰ ਨੇ ਭਾਰਤ ਵਿੱਚ ਇਸ ਦਾ ਅਭਿਆਸ ਸ਼ੁਰੂ ਕੀਤਾ। 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਉਨ੍ਹਾਂ ਵੱਲੋਂ ਕੀਤਾ ਗਿਆ ਸਫਲ ਇਲਾਜ, ਸਮਾਜ ਦੇ ਕੁਲੀਨ ਵਰਗ ਅਤੇ ਆਮ ਜਨਤਾ ਦੋਵਾਂ ਵਿੱਚ ਇਸ ਦੀ ਸਵੀਕ੍ਰਿਤੀ ਨੂੰ ਵਧਾਉਣ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।



**ਮੁੱਖ ਮੀਲ ਪੱਥਰ**

- 1847: ਤੰਜੌਰ, ਤਮਿਲ ਨਾਡੂ ਵਿੱਚ ਸਭ ਤੋਂ ਪੁਰਾਣੇ ਹੋਮਿਓਪੈਥਿਕ ਹਸਪਤਾਲਾਂ ਵਿੱਚੋਂ ਇੱਕ ਦੀ ਸਥਾਪਨਾ ਕੀਤੀ ਗਈ।
- ਬੰਗਾਲ ਵਿੱਚ ਡਾਕਟਰ ਅਤੇ ਸਮਾਜ ਸੇਵਕ ਰਾਜੇਂਦਰ ਲਾਲ ਦੱਤਾ ਦੁਆਰਾ ਇਸ ਨੂੰ ਜ਼ੋਰਦਾਰ ਢੰਗ ਨਾਲ ਅੱਗੇ ਵਧਾਇਆ ਗਿਆ।
- ਪ੍ਰਸਿੱਧ ਡਾਕਟਰ ਮਹਿੰਦਰ ਲਾਲ ਸਰਕਾਰ ਦੇ ਸਮਰਥਨ ਨਾਲ ਇਸਦੀ ਭਰੋਸੇਯੋਗਤਾ ਹੋਰ ਵੀ ਵਧ ਗਈ।
- ਕਲਕੱਤਾ, ਬਨਾਰਸ ਅਤੇ ਇਲਾਹਾਬਾਦ ਵਿੱਚ ਡਿਸਪੈਂਸਰੀਆਂ ਦਾ ਵਿਸਥਾਰ ਹੋਇਆ।

**ਆਜ਼ਾਦੀ ਤੋਂ ਬਾਅਦ ਦਾ ਵਿਕਾਸ**

ਆਜ਼ਾਦੀ ਤੋਂ ਬਾਅਦ ਦੇ ਯੁੱਗ ਵਿੱਚ, ਭਾਰਤ ਸਰਕਾਰ ਨੇ ਹੋਮਿਓਪੈਥੀ ਨੂੰ ਸੰਸਥਾਗਤ ਰੂਪ ਦੇਣ ਲਈ ਕਦਮ ਚੁੱਕੇ:

• 1973: ਕੇਂਦਰੀ ਹੋਮਿਓਪੈਥੀ ਪ੍ਰੀਸ਼ਦ ਦੀ ਸਥਾਪਨਾ

• 1978: ਕੇਂਦਰੀ ਹੋਮਿਓਪੈਥੀ ਖੋਜ ਪ੍ਰੀਸ਼ਦ ਦੀ ਸਥਾਪਨਾ

ਇਨ੍ਹਾਂ ਪਹਿਲਕਦਮੀਆਂ ਨੇ ਖੇਤਰ ਵਿੱਚ ਨਿਯਮ, ਸਿੱਖਿਆ ਅਤੇ ਖੋਜ ਨੂੰ ਮਜ਼ਬੂਤ ਕੀਤਾ।

**ਭਾਰਤ ਵਿੱਚ ਹੋਮਿਓਪੈਥੀ ਬੁਨਿਆਦੀ ਢਾਂਚਾ**

ਹਾਲ ਹੀ ਦੇ ਸਾਲਾਂ ਵਿੱਚ, ਹੋਮਿਓਪੈਥੀ ਦੀ ਸਬੂਤ-ਅਧਾਰਿਤ ਪ੍ਰਮਾਣਿਕਤਾ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਭਾਰਤ ਵਿੱਚ ਲਗਭਗ 34 ਵਿਸ਼ੇਸ਼ ਹੋਮਿਓਪੈਥਿਕ ਖੋਜ ਕੇਂਦਰ ਹਨ, ਜੋ ਯੋਜਨਾਬੱਧ ਖੋਜ ਲਈ ਇੱਕ ਮਜ਼ਬੂਤ ਅਧਾਰ ਪ੍ਰਦਾਨ ਕਰਦੇ ਹਨ। ਇਨ੍ਹਾਂ ਯਤਨਾਂ ਦੀ ਅਗਵਾਈ ਕਰਦੇ ਹੋਏ, ਰਾਸ਼ਟਰੀ ਹੋਮਿਓਪੈਥੀ ਕਮਿਸ਼ਨ ਅਤੇ ਕੇਂਦਰੀ ਹੋਮਿਓਪੈਥੀ ਖੋਜ ਪ੍ਰੀਸ਼ਦ ਵਰਗੀਆਂ ਸੰਸਥਾਵਾਂ ਕਲੀਨਿਕਲ ਖੋਜ, ਦਵਾਈਆਂ ਦੇ ਮਿਆਰੀਕਰਣ ਅਤੇ ਅੰਤਰ-ਅਨੁਸ਼ਾਸਨੀ ਅਧਿਐਨਾਂ ਨੂੰ ਉਤਸ਼ਾਹਿਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੀਆਂ ਹਨ।



ਸਰਕਾਰ-ਸਮਰਥਿਤ ਫੋਰਮ, ਖਾਸ ਕਰਕੇ ਵਿਸ਼ਵ ਹੋਮਿਓਪੈਥੀ ਦਿਵਸ ਦੇ ਨੇੜੇ ਆਯੋਜਿਤ ਹੋਣ ਵਾਲੇ ਸਮਾਗਮਾਂ ਵਿੱਚ ਹੁਣ ਡੇਟਾ-ਅਧਾਰਿਤ ਨਤੀਜਿਆਂ 'ਤੇ ਵਧੇਰੇ ਕੇਂਦ੍ਰਿਤ ਕੀਤਾ ਜਾਂਦਾ ਹੈ; ਇਹ ਇੱਕ ਅਜਿਹੀ ਤਬਦੀਲੀ ਦਾ ਸੰਕੇਤ ਦਿੰਦਾ ਹੈ, ਜਿਸਦਾ ਇੱਕ ਮਜ਼ਬੂਤ ਵਿਗਿਆਨਿਕ ਅਧਾਰ ਹੈ।

**ਹੋਮਿਓਪੈਥੀ ਵਿੱਚ ਖੋਜ ਲਈ ਕੇਂਦਰੀ ਪ੍ਰੀਸ਼ਦ (ਸੀਸੀਆਰਐੱਚ)**

ਨਵੀਂ ਦਿੱਲੀ ਸਥਿਤ ਸੀਸੀਆਰਐੱਚ, ਹੋਮਿਓਪੈਥੀ ਦੇ ਕਲੀਨਿਕਲ ਇਲਾਜ ਨੂੰ ਬਿਹਤਰ ਬਣਾਉਣ ਅਤੇ ਇਸਦੀ ਵਿਸ਼ਵਵਿਆਪੀ ਸਵੀਕ੍ਰਿਤੀ ਨੂੰ ਉਤਸ਼ਾਹਿਤ ਕਰਨ ਲਈ ਵਿਗਿਆਨਿਕ ਅਤੇ ਨੈਤਿਕ ਖੋਜ ਨੂੰ ਉਤਸ਼ਾਹਿਤ ਕਰਦਾ ਹੈ। ਹੋਮਿਓਪੈਥੀ ਵਿੱਚ ਵਿਗਿਆਨਿਕ ਤੌਰ 'ਤੇ ਅਧਾਰਿਤ ਖੋਜ ਭਾਰਤ ਭਰ ਵਿੱਚ ਫੈਲੇ 33 ਸੰਸਥਾਵਾਂ ਅਤੇ ਇਕਾਈਆਂ ਦੇ ਇੱਕ ਵਿਆਪਕ ਨੈਟਵਰਕ ਦੁਆਰਾ ਕੀਤੀ ਜਾਂਦੀ ਹੈ। ਇਹ ਸੰਸਥਾਵਾਂ ਆਧੁਨਿਕ ਸਬੂਤਾਂ ਨਾਲ ਦਵਾਈ ਦੀ ਇਸ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

**ਸੀਸੀਆਰਐੱਚ ਦੀਆਂ ਮੁੱਖ ਗਤੀਵਿਧੀਆਂ:**

- ਡਰੱਗ ਟੈਸਟਿੰਗ, ਪ੍ਰਮਾਣਿਕਤਾ, ਅਤੇ ਮਾਨਕੀਕਰਣ
- ਕਲੀਨਿਕਲ ਖੋਜ, ਪ੍ਰਮਾਣਿਕਤਾ, ਦਸਤਾਵੇਜ਼ੀਕਰਣ ਅਤੇ ਪ੍ਰਕਾਸ਼ਨ
- ਖੋਜ ਸਹਿਯੋਗ ਅਤੇ ਗ੍ਰਾਂਟ ਸਹਾਇਤਾ




**ਜਨਤਕ ਸਿਹਤ ਪਹਿਲਕਦਮੀਆਂ:**

- ਸਿਹਤਮੰਦ ਬੱਚਿਆਂ ਲਈ ਹੋਮਿਓਪੈਥੀ
- ਰਾਸ਼ਟਰੀ ਦਿਲ ਦੀ ਬਿਮਾਰੀ ਅਤੇ ਸਟ੍ਰੋਕ ਪ੍ਰੋਗਰਾਮ (ਐੱਨਪੀਸੀਡੀਸੀਐੱਸ) ਨਾਲ ਏਕੀਕਰਣ
- ਸਿਹਤ ਸੁਰੱਖਿਆ ਪ੍ਰੋਗਰਾਮ
- ਮਾਂ ਅਤੇ ਬੱਚੇ ਦੀ ਦੇਖਭਾਲ ਲਈ ਹੋਮਿਓਪੈਥੀ 'ਤੇ ਰਾਸ਼ਟਰੀ ਮੁਹਿੰਮ

**ਰਾਸ਼ਟਰੀ ਹੋਮਿਓਪੈਥੀ ਕਮਿਸ਼ਨ (ਐੱਨਸੀਐੱਚ)**


ਐੱਨਸੀਐੱਚ ਦੀ ਸਥਾਪਨਾ ਰਾਸ਼ਟਰੀ ਹੋਮਿਓਪੈਥੀ ਕਮਿਸ਼ਨ ਐਕਟ, 2020 ਦੇ ਤਹਿਤ ਕੀਤੀ ਗਈ ਸੀ, ਜੋ ਕਿ 5 ਜੁਲਾਈ, 2021 ਨੂੰ ਲਾਗੂ ਹੋਇਆ। ਇਸ ਦੇ ਨਾਲ ਹੀ, ਕੇਂਦਰੀ ਹੋਮਿਓਪੈਥੀ ਕੌਂਸਲ ਐਕਟ, 1973 ਦੇ ਤਹਿਤ ਗਠਿਤ ਬੋਰਡ ਆਫ਼ ਗਵਰਨਰਜ਼ ਅਤੇ ਕੇਂਦਰੀ ਹੋਮਿਓਪੈਥੀ ਕੌਂਸਲ ਨੂੰ ਭੰਗ ਕਰ ਦਿੱਤਾ ਗਿਆ।

**ਐੱਨਸੀਐੱਚ ਦੀਆਂ ਮੁੱਖ ਗਤੀਵਿਧੀਆਂ/ਕਾਰਜ:**

- ਹੋਮਿਓਪੈਥਿਕ ਸਿੱਖਿਆ ਅਤੇ ਸੰਸਥਾਵਾਂ ਨੂੰ ਨਿਯੰਤ੍ਰਿਤ ਕਰਦਾ ਹੈ
- ਪਾਠਕ੍ਰਮ ਅਤੇ ਅਕਾਦਮਿਕ ਮਿਆਰ ਨਿਰਧਾਰਿਤ ਕਰਦਾ ਹੈ
- ਪ੍ਰੈਕਟੀਸ਼ਨਰਾਂ ਦੇ ਰਾਸ਼ਟਰੀ ਰਜਿਸਟਰ ਨੂੰ ਬਣਾਈ ਰੱਖਦਾ ਹੈ
- ਪੇਸ਼ੇਵਰ ਨੈਤਿਕਤਾ ਅਤੇ ਡਾਕਟਰੀ ਅਭਿਆਸ ਦੀ ਗੁਣਵੱਤਾ ਨੂੰ ਯਕੀਨੀ ਬਣਾਉਂਦਾ ਹੈ
- ਸਿਹਤ ਸੰਭਾਲ ਦੀਆਂ ਜ਼ਰੂਰਤਾਂ ਅਤੇ ਯੋਜਨਾਵਾਂ ਦਾ ਮੁਲਾਂਕਣ ਕਰਦਾ ਹੈ
- ਰਾਜ ਕੌਂਸਲਾਂ ਅਤੇ ਬੋਰਡਾਂ ਨਾਲ ਤਾਲਮੇਲ ਕਰਦਾ ਹੈ
- ਪਾਲਣਾ ਦੀ ਨਿਗਰਾਨੀ ਕਰਦਾ ਹੈ ਅਤੇ ਅਪੀਲਾਂ ਨੂੰ ਸੰਭਾਲਦਾ ਹੈ

ਭਾਰਤੀ ਮੈਡੀਕਲ ਪ੍ਰਣਾਲੀਆਂ ਦੇ ਸੰਸਥਾਗਤ ਮਜ਼ਬੂਤੀਕਰਣ ਅਤੇ ਮਾਨਕੀਕਰਣ ਨੇ ਇੱਕ ਮਜ਼ਬੂਤ ਰੈਗੂਲੇਟਰੀ ਅਤੇ ਗੁਣਵੱਤਾ ਢਾਂਚਾ ਬਣਾਇਆ ਹੈ, ਜਿਸ ਨੇ ਬਦਲੇ ਵਿੱਚ ਇਸ ਖੇਤਰ ਵਿੱਚ ਵਿਦਿਅਕ ਬੁਨਿਆਦੀ ਢਾਂਚੇ ਦੇ ਵਿਸਥਾਰ ਨੂੰ ਉਤਸ਼ਾਹਿਤ ਕੀਤਾ ਹੈ।

2013-14 ਤੋਂ 2024-25 ਤੱਕ ਹੋਮਿਓਪੈਥੀ ਕਾਲਜਾਂ ਅਤੇ ਸੀਟਾਂ ਦੀ ਗਿਣਤੀ ਵਿੱਚ ਨਿਰੰਤਰ ਵਾਧਾ ਇਹਨਾਂ ਰੈਗੂਲੇਟਰੀ ਸੁਧਾਰਾਂ ਦੇ ਪ੍ਰਭਾਵ ਅਤੇ ਭਾਰਤ ਵਿੱਚ ਹੋਮਿਓਪੈਥਿਕ ਸਿੱਖਿਆ ਦੀ ਵਧਦੀ ਸੰਭਾਵਨਾ ਨੂੰ ਦਰਸਾਉਂਦਾ ਹੈ।




**ਫਾਰਮਾਕੋਪੀਅਲ ਕਮਿਸ਼ਨ ਫਾਰ ਇੰਡੀਅਨ ਮੈਡੀਸਨ ਐਂਡ ਹੋਮਿਓਪੈਥੀ (ਪੀਸੀਆਈਐੱਮ ਐਂਡਐੱਚ)**

ਫਾਰਮਾਕੋਪੀਆ ਕਮਿਸ਼ਨ ਫਾਰ ਇੰਡੀਅਨ ਮੈਡੀਸਨ ਐਂਡ ਹੋਮਿਓਪੈਥੀ (PCIM&H), ਆਯੁਸ਼ ਮੰਤਰਾਲੇ ਦੇ ਤਹਿਤ ਇੱਕ ਅਧੀਨ ਦਫ਼ਤਰ ਹੈ। ਇਹ ਭਾਰਤੀ ਦਵਾਈ ਪ੍ਰਣਾਲੀਆਂ ਅਤੇ ਹੋਮਿਓਪੈਥੀ ਲਈ ਫਾਰਮਾਕੋਪੀਆ ਅਤੇ ਫਾਰਮੂਲੇ ਵਿਕਸਿਤ ਕਰਨ ਲਈ

ਜ਼ਿੰਮੇਵਾਰ ਹੈ। ਇਹ ਇਹਨਾਂ ਦਵਾਈਆਂ ਦੀ ਗੁਣਵੱਤਾ, ਸੁਰੱਖਿਆ ਅਤੇ ਮਾਨਕੀਕਰਣ ਨੂੰ ਯਕੀਨੀ ਬਣਾਉਣ ਲਈ ਕੇਂਦਰੀ ਡਰੱਗ ਟੈਸਟਿੰਗ-ਕਮ-ਅਪੀਲੇਟ ਪ੍ਰਯੋਗਸ਼ਾਲਾ ਵਜੋਂ ਵੀ ਕੰਮ ਕਰਦਾ ਹੈ।

ਇਸ ਦੀ ਸਥਾਪਨਾ ਅਸਲ ਵਿੱਚ 18 ਅਗਸਤ, 2010 ਨੂੰ ਸੋਸਾਇਟੀ ਰਜਿਸਟ੍ਰੇਸ਼ਨ ਐਕਟ, 1860 ਦੇ ਤਹਿਤ ਫਾਰਮਾਕੋਪੀਆ ਕਮਿਸ਼ਨ ਫਾਰ ਇੰਡੀਅਨ ਮੈਡੀਸਨ (ਪੀਸੀਆਈਐੱਮ) ਦੇ ਰੂਪ ਵਿੱਚ ਕੀਤੀ ਗਈ ਸੀ। ਇਸ ਦੇ ਦਾਇਰੇ ਵਿੱਚ ਹੋਮਿਓਪੈਥੀ ਨੂੰ ਸ਼ਾਮਲ ਕਰਨ ਦੇ ਨਾਲ, ਇਸ ਦਾ ਨਾਮ 20 ਮਾਰਚ, 2014 ਨੂੰ ਫਾਰਮਾਕੋਪੀਆ ਕਮਿਸ਼ਨ ਫਾਰ ਇੰਡੀਅਨ ਮੈਡੀਸਨ ਐਂਡ ਹੋਮਿਓਪੈਥੀ (PCIM&H) ਰੱਖਿਆ ਗਿਆ ਸੀ।

## ਹੋਮਿਓਪੈਥੀ ਨੂੰ ਸਹਿਯੋਗ ਦੇਣ ਵਾਲੀਆਂ ਆਯੁਸ਼ ਨੀਤੀਆਂ ਅਤੇ ਯੋਜਨਾਵਾਂ [9]

ਭਾਰਤ ਸਰਕਾਰ ਨੇ ਆਯੁਸ਼ ਮੰਤਰਾਲੇ ਰਾਹੀਂ, ਸਿੱਖਿਆ, ਖੋਜ, ਕਲੀਨਿਕਲ ਸੇਵਾਵਾਂ ਅਤੇ ਜਨਤਕ ਸਿਹਤ ਏਕੀਕਰਣ ਦੇ ਖੇਤਰਾਂ ਵਿੱਚ ਹੋਮਿਓਪੈਥੀ ਨੂੰ ਮਜ਼ਬੂਤ ਬਣਾਉਣ ਲਈ ਕਈ ਨਿਸ਼ਾਨਾਬੱਧ ਯੋਜਨਾਵਾਂ ਲਾਗੂ ਕੀਤੀਆਂ ਹਨ। ਇਹਨਾਂ ਪਹਿਲਕਦਮੀਆਂ ਦਾ ਉਦੇਸ਼ ਇਸ ਦੀ ਪਹੁੰਚਯੋਗਤਾ ਨੂੰ ਵਧਾਉਣਾ, ਸਬੂਤ-ਅਧਾਰਿਤ ਪ੍ਰੈਕਟਿਸ ਨੂੰ ਉਤਸ਼ਾਹਿਤ ਕਰਨਾ, ਅਤੇ ਪੇਸ਼ੇਵਰ ਅਤੇ ਸੰਸਥਾਗਤ ਸਮਰੱਥਾ ਦਾ ਨਿਰਮਾਣ ਕਰਨਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹੋਮਿਓਪੈਥੀ ਭਾਰਤ ਦੀ ਸਿਹਤ ਸੰਭਾਲ ਪ੍ਰਣਾਲੀ ਦਾ ਇੱਕ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਵਿਗਿਆਨਿਕ ਤੌਰ 'ਤੇ ਪ੍ਰਮਾਣਿਤ ਹਿੱਸਾ ਬਣੀ ਰਹੇ।

**ਮੁੱਖ ਯੋਜਨਾਵਾਂ ਅਤੇ ਪਹਿਲਕਦਮੀਆਂ:**

**ਰਾਸ਼ਟਰੀ ਆਯੁਸ਼ ਮਿਸ਼ਨ (ਐੱਨਏਐੱਮ)**

ਇਹ ਇੱਕ ਪ੍ਰਮੁੱਖ ਪ੍ਰੋਗਰਾਮ ਹੈ ਜਿਸਦਾ ਉਦੇਸ਼ ਜਨਤਕ ਸਿਹਤ ਕੇਂਦਰਾਂ ਵਿੱਚ ਸੇਵਾ ਪ੍ਰਦਾਨ ਕਰਨ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਕੇ ਹੋਮਿਓਪੈਥੀ ਅਤੇ ਹੋਰ ਪਰੰਪਰਾਗਤ ਦਵਾਈ ਪ੍ਰਣਾਲੀਆਂ ਨੂੰ ਮੁੱਖਧਾਰਾ ਦੀ ਸਿਹਤ ਸੰਭਾਲ ਵਿੱਚ ਜੋੜਨਾ ਹੈ।

• ਪ੍ਰਾਇਮਰੀ ਹੈਲਥ ਸੈਂਟਰਾਂ (PHCs) ਅਤੇ ਕਮਿਊਨਿਟੀ ਹੈਲਥ ਸੈਂਟਰਾਂ (CHCs) ਵਿੱਚ ਹੋਮਿਓਪੈਥੀ ਸੇਵਾਵਾਂ ਦੀ ਸਹਿ-ਸਥਾਪਨਾ

• ਹਸਪਤਾਲਾਂ, ਡਿਸਪੈਂਸਰੀਆਂ ਅਤੇ ਵਿਦਿਅਕ ਸੰਸਥਾਵਾਂ ਲਈ ਵਿੱਤੀ ਸਹਾਇਤਾ

• ਰਾਸ਼ਟਰੀ ਸਿਹਤ ਪ੍ਰੋਗਰਾਮਾਂ ਨਾਲ ਏਕੀਕਰਣ

• ਦੇਸ਼ ਭਰ ਵਿੱਚ 184,235 ਤੋਂ ਵੱਧ ਆਯੁਸ਼ਮਾਨ ਅਰੋਗਯ ਮੰਦਿਰ ਚਲਾਏ ਜਾ ਰਹੇ ਹਨ।[10]

**ਆਯੁਰਸਵਾਸਥਯ**

ਹੋਮਿਓਪੈਥੀ ਸੰਸਥਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਉੱਨਤ ਖੋਜ ਅਤੇ ਕਲੀਨਿਕਲ ਉੱਤਮਤਾ ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ।

- ਖੋਜ ਅਤੇ ਕਲੀਨਿਕਲ ਟ੍ਰੇਨਿੰਗ ਲਈ ਉੱਤਮਤਾ ਕੇਂਦਰਾਂ ਦੀ ਸਥਾਪਨਾ
- ਸੰਸਥਾਗਤ ਮਜ਼ਬੂਤੀ ਅਤੇ ਸਮਰੱਥਾ ਨਿਰਮਾਣ
- ਸਬੂਤ-ਅਧਾਰਿਤ ਜਨਤਕ ਸਿਹਤ ਦਖਲਅੰਦਾਜ਼ੀ ਅਤੇ ਭਾਈਚਾਰਕ ਪਹੁੰਚ

**ਆਯੁਰਗਿਆਨ**

ਇਹ ਸਮਰੱਥਾ-ਨਿਰਮਾਣ ਦੀ ਇੱਕ ਪਹਿਲ ਹੈ ਜੋ ਹੋਮਿਓਪੈਥੀ ਪ੍ਰੈਕਟੀਸ਼ਨਰਾਂ ਵਿੱਚ ਪੇਸ਼ੇਵਰ ਵਿਕਾਸ ਅਤੇ ਖੋਜ-ਮੁਖੀ ਅਭਿਆਸ ਨੂੰ ਉਤਸ਼ਾਹਿਤ ਕਰਦੀ ਹੈ। ਇਹ ਪ੍ਰੈਕਟੀਸ਼ਨਰਾਂ ਨੂੰ ਪੇਸ਼ੇਵਰ ਸਿਖਲਾਈ ਲੈਣ, ਅਧਿਆਪਕਾਂ ਅਤੇ ਪ੍ਰੈਕਟੀਸ਼ਨਰਾਂ ਦੇ ਗਿਆਨ ਨੂੰ ਅਪਡੇਟ ਕਰਨ, ਅਤੇ ਹੋਮਿਓਪੈਥੀ ਦੇ ਖੇਤਰ ਵਿੱਚ ਵਿਕਾਸ ਬਾਰੇ ਜਾਣਕਾਰੀ ਪ੍ਰਸਾਰਿਤ ਕਰਨ ਲਈ ਸੂਚਨਾ ਤਕਨਾਲੋਜੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੀ ਹੈ।

- ਟਿਕਾਊ ਸਿੱਖਿਆ, ਵਰਕਸ਼ਾਪਸ ਅਤੇ ਸੈਮੀਨਾਰ
- ਫੈਕਲਟੀ ਵਿਕਾਸ ਅਤੇ ਹੁਨਰ ਵਾਧਾ
- ਖੋਜ ਨਤੀਜਿਆਂ ਦਾ ਦਸਤਾਵੇਜ਼ੀਕਰਣ ਅਤੇ ਪ੍ਰਸਾਰ

**ਐਕਸਟ੍ਰਾ ਮਿਊਰਲ ਰਿਸਰਚ (ਈਐੱਮਆਰ) ਯੋਜਨਾ 11**

ਰਾਸ਼ਟਰੀ ਸਿਹਤ ਤਰਜੀਹਾਂ ਦੇ ਅਨੁਸਾਰ ਫੰਡਿਡ ਰਿਸਰਚ ਰਾਹੀਂ ਹੋਮਿਓਪੈਥੀ ਦੀ ਵਿਗਿਆਨਿਕ ਵੈਰੀਫਿਕੇਸ਼ਨ ਨੂੰ ਉਤਸ਼ਾਹਿਤ ਕਰਨ ਦੀ ਇੱਕ ਪ੍ਰਮੁੱਖ ਪਹਿਲਕਦਮੀ ਹੈ।

- 2-3 ਸਾਲਾਂ ਲਈ 70 ਲੱਖ ਰੁਪਏ ਤੱਕ ਦੀ ਵਿੱਤੀ ਸਹਾਇਤਾ
- ਇਸ ਵਿੱਚ ਕਲੀਨਿਕਲ, ਔਸ਼ਧੀ ਅਤੇ ਜਨਤਕ ਸਿਹਤ ਖੋਜਾਂ ਸ਼ਾਮਲ ਹਨ
- ਮਹਾਮਾਰੀਆਂ, ਪੁਰਾਣੀਆਂ ਬਿਮਾਰੀਆਂ ਅਤੇ ਏਕੀਕ੍ਰਿਤ ਪਹੁੰਚਾਂ 'ਤੇ ਵਿਸ਼ੇਸ਼ ਧਿਆਨ
- ਪ੍ਰਕਾਸ਼ਨਾਂ, ਪੇਟੈਂਟਾਂ ਅਤੇ ਗਿਆਨ ਦੇ ਪ੍ਰਸਾਰ ਵਿੱਚ ਸਹਾਇਤਾ

**ਆਯੁਸ਼ ਔਸ਼ਧੀ ਗੁਣਵੱਤਾ ਏਵਮ ਉਤਪਾਦਨ ਸੰਵਰਧਨ ਯੋਜਨਾ (AOGUSY)**

AOGUSY ਦਾ ਉਦੇਸ਼ 'ਡਰੱਗਜ਼ ਐਂਡ ਕੌਸਮੈਟਿਕਸ ਐਕਟ, 1940' ਦੇ ਤਹਿਤ ਭਾਰਤ ਵਿੱਚ ਆਯੁਰਵੇਦ, ਸਿੱਧ, ਯੂਨਾਨੀ ਅਤੇ ਹੋਮਿਓਪੈਥੀ (ASU&H) ਦਵਾਈਆਂ ਦੀ ਗੁਣਵੱਤਾ ਨੂੰ ਨਿਯਮਿਤ ਕਰਨਾ ਅਤੇ ਬਿਹਤਰ ਬਣਾਉਣਾ ਹੈ। ਇਹ ਮਾਨਕੀਕਰਣ, ਗੁਣਵੱਤਾ ਨਿਰਮਾਣ ਅਤੇ ਰੈਗੂਲੇਟਰੀ ਪਾਲਣਾ ਨੂੰ ਉਤਸ਼ਾਹਿਤ ਕਰਕੇ ਇਸ ਟੀਚੇ ਨੂੰ ਪ੍ਰਾਪਤ ਕਰਦਾ ਹੈ।

**ਮੁੱਖ ਉਦੇਸ਼** :

- ਰਵਾਇਤੀ ਦਵਾਈਆਂ ਦੇ ਨਿਰਮਾਣ ਸਮਰੱਥਾਵਾਂ ਅਤੇ ਨਿਰਯਾਤ ਨੂੰ ਉਤਸ਼ਾਹਿਤ ਕਰਨਾ
- ਗੁਣਵੱਤਾ ਉਤਪਾਦਨ ਅਤੇ ਜਾਂਚ ਲਈ ਬੁਨਿਆਦੀ ਢਾਂਚੇ ਅਤੇ ਤਕਨਾਲੋਜੀ ਦੇ ਅਪਗ੍ਰੇਡੇਸ਼ਨ ਦਾ ਸਮਰਥਨ ਕਰਨਾ
- ਸੁਰੱਖਿਆ ਅਤੇ ਗੁਣਵੱਤਾ ਨਿਯੰਤਰਣ ਲਈ ਰੈਗੂਲੇਟਰੀ ਢਾਂਚੇ ਨੂੰ ਮਜ਼ਬੂਤ ਬਣਾਉਣਾ
- ਆਯੁਸ਼ ਦਵਾਈਆਂ ਦੇ ਮਿਆਰਾਂ ਵਿੱਚ ਸੁਧਾਰ ਕਰਕੇ ਸਹਿਯੋਗ ਨੂੰ ਉਤਸ਼ਾਹਿਤ ਕਰਨਾ

**ਲਾਭਪਾਤਰੀ ਅਤੇ ਸਹਾਇਤਾ**:

• **ਨਿਰਮਾਤਾ**: ਉਪਕਰਣਾਂ ਲਈ ਫੰਡਿੰਗ, ਵਿਸ਼ਵ ਸਿਹਤ ਸੰਗਠਨ -ਚੰਗੇ ਨਿਰਮਾਣ ਅਭਿਆਸਾਂ ਦੀ ਪਾਲਣਾ, ਸਮਰੱਥਾ ਦਾ ਵਿਸਥਾਰ।

• **ਟੈਸਟਿੰਗ ਲੈਬਸ** : ਵਿਸ਼ਲੇਸ਼ਣਾਤਮਕ ਉਪਕਰਣਾਂ ਅਤੇ ਗੁਣਵੱਤਾ ਨਿਯੰਤਰਣ ਲਈ ਵਿੱਤੀ ਸਹਾਇਤਾ।

• **ਫਾਰਮੇਸੀ**: ਬੁਨਿਆਦੀ ਢਾਂਚੇ ਦੇ ਵਿਕਾਸ, ਮਾਨਕੀਕਰਣ ਅਤੇ ਰੈਗੂਲੇਟਰੀ ਪਾਲਣਾ ਲਈ ਸਹਾਇਤਾ।

ਔਸ਼ਧੀ ਪੌਦੇ ਆਯੁਸ਼ ਸਿਹਤ ਸੰਭਾਲ ਪ੍ਰਣਾਲੀਆਂ ਲਈ ਲੋੜੀਂਦੇ ਕੱਚੇ ਮਾਲ ਦਾ ਅਧਾਰ ਹਨ, ਜਿਸ ਵਿੱਚ 7,000-7,500 ਤੋਂ ਵੱਧ ਕਿਸਮਾਂ ਸ਼ਾਮਲ ਹਨ। ਭਾਰਤ ਵਿੱਚ ਰਵਾਇਤੀ ਪ੍ਰਣਾਲੀਆਂ ਜਿਵੇਂ ਕਿ ਆਯੁਰਵੇਦ, ਯੋਗਾ, ਯੂਨਾਨੀ, ਸਿੱਧ ਅਤੇ ਹੋਮਿਓਪੈਥੀ ਦਾ ਵਿਆਪਕ ਤੌਰ 'ਤੇ ਅਭਿਆਸ ਕੀਤਾ ਜਾਂਦਾ ਹੈ, ਇਨ੍ਹਾਂ ਦੀ ਵਧਦੀ ਵਰਤੋਂ ਨੂੰ ਦੇਖਦੇ ਹੋਏ ਪ੍ਰਮਾਣਿਕ ਅਤੇ ਉੱਚ-ਗੁਣਵੱਤਾ ਵਾਲੇ ਔਸ਼ਧੀ ਪੌਦਿਆਂ ਦੀ ਮੰਗ ਵਧੀ ਹੈ। ਇਸ ਸਬੰਧ ਵਿੱਚ, ਰਾਸ਼ਟਰੀ ਔਸ਼ਧੀ ਪੌਦਾ ਬੋਰਡ (NMPB) ਦੀ ਪਹਿਲਕਦਮੀ ਹੋਮਿਓਪੈਥਿਕ ਦਵਾਈਆਂ ਲਈ ਔਸ਼ਧੀ ਪੌਦਿਆਂ ਦੀ ਟਿਕਾਊ ਸੰਭਾਲ, ਕਾਸ਼ਤ ਅਤੇ ਸਪਲਾਈ ਨੂੰ ਯਕੀਨੀ ਬਣਾਉਂਦੀ ਹੈ। ਗੁਣਵੱਤਾ ਵਾਲੇ ਕੱਚੇ ਮਾਲ ਦੀ ਉਪਲਬਧਤਾ ਨੂੰ ਮਜ਼ਬੂਤ ਕਰਕੇ, ਇਹ ਸਿਹਤ ਸੰਭਾਲ ਡਿਲੀਵਰੀ ਅਤੇ ਕਿਸਾਨਾਂ ਅਤੇ ਹਿੱਸੇਦਾਰਾਂ ਦੀ ਰੋਜ਼ੀ-ਰੋਟੀ ਦੋਵਾਂ ਦਾ ਸਮਰਥਨ ਕਰਦੀ ਹੈ। ਜਿੱਥੇ ਇੱਕ ਪਾਸੇ ਗੁਣਵੱਤਾ ਵਾਲੀ ਔਸ਼ਧੀ ਸਮੱਗਰੀ ਦੀ ਸਪਲਾਈ ਆਯੁਸ਼ ਪ੍ਰਣਾਲੀਆਂ ਦੀ ਰੀੜ੍ਹ ਦੀ ਹੱਡੀ ਹੈ, ਉੱਥੇ ਹੀ ਦੂਜੇ ਪਾਸੇ ਉਨ੍ਹਾਂ ਦੀ ਪ੍ਰਭਾਵਸ਼ਾਲੀ ਵਰਤੋਂ ਨਿਰੰਤਰ ਜਾਗਰੂਕਤਾ ਅਤੇ ਪ੍ਰਚਾਰ-ਪ੍ਰਸਾਰ ਯਤਨਾਂ 'ਤੇ ਨਿਰਭਰ ਕਰਦੀ ਹੈ।

ਸੂਚਨਾ, ਸਿੱਖਿਆ ਅਤੇ ਸੰਚਾਰ ਪਹਿਲਕਦਮੀ, ਯੋਜਨਾਬੱਧ ਸੰਚਾਰ ਰਣਨੀਤੀਆਂ ਰਾਹੀਂ ਹੋਮਿਓਪੈਥੀ ਪ੍ਰਤੀ ਜਾਗਰੂਕਤਾ ਅਤੇ ਇਸ ਦੀ ਪਹੁੰਚ ਨੂੰ ਵਧਾ ਰਹੀ ਹੈ। ਇਹ ਹੋਮਿਓਪੈਥੀ ਦੇ ਲਾਭਾਂ ਨੂੰ ਉਤਸ਼ਾਹਿਤ ਕਰਦੀ ਹੈ। ਇਹ ਖੋਜ, ਖੋਜਾਂ ਦੇ ਨਤੀਜਿਆਂ ਦਾ ਪ੍ਰਸਾਰ ਕਰਕੇ, ਸਿਹਤ ਮੁਹਿੰਮਾਂ ਅਤੇ ਸੈਮੀਨਾਰਾਂ ਨੂੰ ਆਯੋਜਿਤ ਕਰਕੇ, ਜਨਤਕ ਭਾਗੀਦਾਰੀ ਪ੍ਰੋਗਰਾਮਾਂ ਦਾ ਆਯੋਜਨ ਕਰਕੇ, ਅਤੇ ਰੋਕਥਾਮ ਅਤੇ ਪ੍ਰਚਾਰ ਸਿਹਤ ਸੰਭਾਲ ਅਭਿਆਸਾਂ ਨੂੰ ਉਤਸ਼ਾਹਿਤ ਕਰਦੀ ਹੈ।

ਇਸ ਰਾਹੀਂ ਆਯੁਸ਼ ਵਿੱਚ ਅੰਤਰਰਾਸ਼ਟਰੀ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੇ ਨਾਲ ਹੀ, ਮਾਹਿਰਾਂ ਦੇ ਅਦਾਨ-ਪ੍ਰਦਾਨ, ਅਕਾਦਮਿਕ ਸਹਿਯੋਗ ਅਤੇ ਸਕਾਲਰਸ਼ਿਪਾਂ ਰਾਹੀਂ ਵਿਸ਼ਵਵਿਆਪੀ ਮਾਨਤਾ ਨੂੰ ਅੱਗੇ ਵਧਾਇਆ ਜਾਂਦਾ ਹੈ। ਇਹ ਸਾਰੇ ਯਤਨ ਇਕੱਠੇ ਮਿਲ ਕੇ, ਆਯੁਸ਼ ਪ੍ਰਣਾਲੀਆਂ ਦੇ ਘਰੇਲੂ ਅਧਾਰ ਅਤੇ ਅੰਤਰਰਾਸ਼ਟਰੀ ਮੌਜੂਦਗੀ ਦੋਵਾਂ ਨੂੰ ਮਜ਼ਬੂਤ ਕਰਦੇ ਹਨ।

## ਮਹਾਮਾਰੀ ਦੀ ਤਿਆਰੀ ਅਤੇ ਉਸ ਦੇ ਇਲਾਜ ਵਿੱਚ ਹੋਮਿਓਪੈਥੀ [12]

ਮਹਾਮਾਰੀ ਦੀ ਤਿਆਰੀ ਵਿੱਚ ਹੋਮਿਓਪੈਥੀ ਇੱਕ ਪੂਰਕ ਸਾਧਨ ਵਜੋਂ ਉਭਰੀ ਹੈ, ਜੋ ਰੋਕਥਾਮ, ਪ੍ਰੋਤਸਾਹਨ ਅਤੇ ਸਹਾਇਕ ਰਣਨੀਤੀਆਂ ਦੀ ਵਰਤੋਂ ਕਰਦੀ ਹੈ। ਕੇਂਦਰੀ ਹੋਮਿਓਪੈਥੀ ਵਿੱਚ ਖੋਜ ਪ੍ਰੀਸ਼ਦ ਭਾਰਤ ਭਰ ਵਿੱਚ ਫੈਲੀਆਂ ਆਪਣੀਆਂ 33 ਸੰਸਥਾਵਾਂ ਅਤੇ ਇਕਾਈਆਂ ਰਾਹੀਂ ਮਹਾਮਾਰੀ ਨਾਲ ਸਬੰਧਿਤ ਖੋਜ ਅਤੇ ਇਲਾਜ ਸਬੰਧੀ ਕੰਮ ਕਰ ਰਹੀ ਹੈ।

### ਵਿਸ਼ਵਵਿਆਪੀ ਪੱਧਰ ‘ਤੇ ਹੋਮਿਓਪੈਥੀ ਦੇ ਖੇਤਰ ਵਿੱਚ ਸਫਲਤਾ ਦੀਆਂ ਕਹਾਣੀਆਂ [13]

ਕੇਂਦਰੀ ਹੋਮਿਓਪੈਥੀ ਖੋਜ ਪ੍ਰੀਸ਼ਦ (ਸੀਸੀਆਰਐੱਚ) ਨੇ ਭਾਰਤ ਅਤੇ ਅੰਤਰਰਾਸ਼ਟਰੀ ਪੱਧਰ ‘ਤੇ ਮਹਾਮਾਰੀ ਪ੍ਰਬੰਧਨ ਲਈ ਹੋਮਿਓਪੈਥੀ ਦਖਲਅੰਦਾਜੀਆਂ ਨੂੰ ਲਾਗੂ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

**ਇਸ ਦੀਆਂ ਕੁਝ ਮੁੱਖ ਉਦਾਹਰਣਾਂ ਹੇਠ ਲਿਖੀਆਂ ਹਨ**

- **ਇੰਡੋ-ਜਾਪਾਨੀ ਇਨਸੇਫਲਾਇਟਿਸ/ਏਈਐੱਸ (ਯੂਪੀ):** 96ਪਿੰਡਾਂ ਵਿੱਚ 3 ਲੱਖ ਤੋਂ ਵੱਧ ਲੋਕਾਂ ਨੂੰ ਬੇਲਾਡੋਨਾ 200ਵੰਡੀ ਗਈ, ਜਿਸ ਨਾਲ ਏਈਐੱਸ ਦੇ ਮਾਮਲਿਆਂ ਨੂੰ ਰੋਕਣ ਅਤੇ ਮਿਆਰੀ ਇਲਾਜ ਦੇ ਨਾਲ ਮਿਲਾ ਕੇ ਨਤੀਜਿਆਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਮਿਲੀ।

- **ਭਾਰਤ - ਚਿਕਨਗੁਨੀਆ ਦੀ ਰੋਕਥਾਮ (ਕੇਰਲ, 2007)**: 19,750 ਲੋਕਾਂ ਨੂੰ ਬ੍ਰਾਇਓਨੀਆ ਐਲਬਾ 30C ਦਿੱਤੀ ਗਈ, ਜਿਸਦੇ ਨਤੀਜੇ ਵਜੋਂ ਬਿਮਾਰੀ ਦੇ ਮਾਮਲਿਆਂ ਵਿੱਚ ਕਾਫ਼ੀ ਮਹੱਤਵਪੂਰਨ ਕਮੀ ਆਈ, ਬੁਖਾਰ ਦੇ ਮਾਮਲਿਆਂ ਵਿੱਚ 84.5% ਤੇਜ਼ੀ ਨਾਲ ਸੁਧਾਰ ਹੋਇਆ, ਅਤੇ ਪੁਰਾਣੇ ਗਠੀਏ ਦੀ ਬਿਮਾਰੀ ਵਿੱਚ 90% ਸੁਧਾਰ ਹੋਇਆ।
- ਕਿਊਬਾ - ਡੇਂਗੂ ਪ੍ਰਬੰਧਨ: ਹੋਮਿਓਪੈਥਿਕ ਕੰਪਲੈਕਸ (ਬ੍ਰਾਇਓਨੀਆ ਐਲਬਾ, ਯੂਪੇਟੋਰੀਅਮ ਪਰਫੋਲੀਏਟਮ, ਜੈਲਸੇਮਿਅਮ ਐੱਸ., ਡੇਂਗੂ ਨੋਸੋਡ) ਨਾਲ ਇਲਾਜ ਕੀਤੇ ਗਏ 25,000 ਮਰੀਜ਼ਾਂ ਵਿੱਚ ਮਹੱਤਵਪੂਰਨ ਸੁਧਾਰ ਹੋਇਆ ਅਤੇ ਹਸਪਤਾਲ ਵਿੱਚ ਠਹਿਰਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਕਮੀ ਆਈ।
- **ਬਹੁ-ਰੋਗ ਮਹਾਮਾਰੀ ਕੈਂਪ (ਭਾਰਤ)**: ਡੇਂਗੂ, ਮਲੇਰੀਆ, ਟਾਈਫਾਇਡ, ਖਸਰਾ, ਮੈਨਿਨਜਾਇਟਿਸ ਅਤੇ ਕੰਨਜੰਕਟਿਵਾਇਟਿਸ ਲਈ ਸੀਸੀਆਰਐੱਚ ਦਖਲਅੰਦਾਜ਼ੀ, ਜਿਨ੍ਹਾਂ ਵਿੱਚ ਲੱਛਣ-ਅਧਾਰਿਤ ਅਤੇ 'ਜੀਨਸ ਅਪਿਡੈਮਿਕਸ' ਇਲਾਜਾਂ ਦੀ ਵਰਤੋਂ ਕੀਤੀ ਗਈ।
- ਕੋਵਿਡ-19 ਇਲਾਜ (ਭਾਰਤ): ਆਯੁਸ਼ ਮੰਤਰਾਲੇ ਦੇ ਸਹਿਯੋਗ ਨਾਲ, 136 ਕੇਂਦਰਾਂ 'ਤੇ ਲਗਭਗ 5 ਲੱਖ ਲੋਕਾਂ ਨੂੰ ਰੋਕਥਾਮ ਉਪਾਅ ਵਜੋਂ 'ਆਰਸੇਨਿਕਮ ਐਲਬਮ 30ਸੀ' ਦਿੱਤੀ ਗਈ।

## ਨਤੀਜਾ: ਪਰੰਪਰਾ ਅਤੇ ਤਬਦੀਲੀ ਦਾ ਸੰਗਮ

ਭਾਰਤ ਵਿੱਚ ਹੋਮਿਓਪੈਥੀ ਇੱਕ ਵਿਲੱਖਣ ਯਾਤਰਾ ਨੂੰ ਦਰਸਾਉਂਦੀ ਹੈ, ਜਿੱਥੇ ਸਮਾਂ-ਪਰਖਿਆ ਗਿਆ ਸਿਧਾਂਤ ਸਮਕਾਲੀ ਤਰੱਕੀਆਂ ਨਾਲ ਸਹਿਜੇ ਹੀ ਮੇਲ ਖਾਂਦੇ ਹਨ। ਸੰਪੂਰਨ ਇਲਾਜ ਦੀ ਇੱਕ ਅਮੀਰ ਪਰੰਪਰਾ ਵਿੱਚ ਸ਼ਾਮਲ ਇਹ ਅਭਿਆਸ ਵਿਗਿਆਨਿਕ ਖੋਜ, ਮਜ਼ਬੂਤ ਨਿਯਮ ਅਤੇ ਵਿਸਤ੍ਰਿਤ ਵਿਦਿਅਕ ਸਮਰੱਥਾ ਦੁਆਰਾ ਸੰਚਾਲਿਤ ਇੱਕ ਅਰਥਪੂਰਨ ਤਬਦੀਲੀ ਵਿੱਚੋਂ ਗੁਜ਼ਰ ਰਹੀ ਹੈ। ਪਰੰਪਰਾ ਅਤੇ ਆਧੁਨਿਕੀਕਰਣ ਦੇ ਇਸ ਸੁਮੇਲ ਨੇ ਅੱਜ ਦੇ ਸਿਹਤ ਸੰਭਾਲ ਦ੍ਰਿਸ਼ ਵਿੱਚ ਇਸਦੀ ਭਰੋਸੇਯੋਗਤਾ ਅਤੇ ਪ੍ਰਾਸੰਗਿਕਤਾ ਦੋਵਾਂ ਨੂੰ ਵਧਾਇਆ ਹੈ।

ਸੈਂਟਰਲ ਕੌਂਸਲ ਫਾਰ ਰਿਸਰਚ ਇਨ ਹੋਮਿਓਪੈਥੀ (CCRH) ਅਤੇ ਨੈਸ਼ਨਲ ਕਮਿਸ਼ਨ ਫਾਰ ਹੋਮਿਓਪੈਥੀ (NCH) ਵਰਗੀਆਂ ਸੰਸਥਾਵਾਂ ਸਬੂਤ-ਅਧਾਰਿਤ ਇਲਾਜਾਂ, ਮਾਨਕੀਕਰਣ ਅਤੇ ਪੇਸ਼ੇਵਰ ਉੱਤਮਤਾ ਨੂੰ ਉਤਸ਼ਾਹਿਤ ਕਰਕੇ ਇਸ ਤਬਦੀਲੀ ਦੀ ਉਦਾਹਰਣ ਪੇਸ਼ ਕਰਦੀਆਂ ਹਨ। ਇਸ ਤੋਂ ਇਲਾਵਾ, ਜਨਤਕ ਸਿਹਤ ਪਹਿਲਕਦਮੀਆਂ ਅਤੇ ਮਹਾਮਾਰੀ ਦੇ ਇਲਾਜ ਵਿੱਚ ਹੋਮਿਓਪੈਥੀ ਦਾ ਏਕੀਕਰਣ ਸਮਕਾਲੀ ਸਿਹਤ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਇਸਦੀ ਲਗਾਤਾਰ ਵਧਦੀ ਭੂਮਿਕਾ ਨੂੰ ਦਰਸਾਉਂਦਾ ਹੈ।

ਭਵਿੱਖ ਵੱਲ ਵਧਦੇ ਹੋਏ, ਭਾਰਤ ਵਿੱਚ ਹੋਮਿਓਪੈਥੀ ਇੱਕ ਵਧੇਰੇ ਸਮਾਵੇਸ਼ੀ, ਪਹੁੰਚਯੋਗ ਅਤੇ ਏਕੀਕ੍ਰਿਤ ਸਿਹਤ ਸੰਭਾਲ ਪ੍ਰਣਾਲੀ ਵਿੱਚ ਯੋਗਦਾਨ ਪਾਉਣ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ।

**ਹਵਾਲੇ**


**ਆਯੁਸ਼ ਮੰਤਰਾਲੇ**

https://ayush.gov.in

https://elms.ayush.gov.in/homoeopathy

ਪੀਸੀਆਈਐੱਮ ਐਂਡ ਐੱਚ ਬਾਰੇ - ਫਾਰਮਾਕੋਪੀਆ ਕਮਿਸ਼ਨ ਫਾਰ ਇੰਡੀਅਨ ਮੈਡੀਸਨ ਐਂਡ ਹੋਮਿਓਪੈਥੀ (ਭਾਰਤ ਸਰਕਾਰ)

https://ccrhindia.ayush.gov.in/emr?language_content_entity=en

ਹੋਮਿਓਪੈਥੀ ਵਿੱਚ ਖੋਜ ਲਈ ਕੇਂਦਰੀ ਪ੍ਰੀਸ਼ਦ

https://ccrhindia.ayush.gov.in/

https://ccrhindia.ayush.gov.in/publications/annual-reports

https://ccrhindia.ayush.gov.in/publications/annual-reports

https://whdccrh.org/about.html

https://homeopathy.delhi.gov.in/homeopathy/origin-and-growth-homeopathy-india

https://www.google.com/url?sa=t&source=web&rct=j&opi=89978449&url=https://ayush.telangana.gov.in/open_record_view.php%3FID%3D150&ved=2ahUKEwjF7Oyc6caTAxVWTmwGHZ_FGjUQFnoECBoQAQ&usg=AOvVaw2IYzqHzr6hHSsiz_CI_WDq

https://www.instagram.com/p/DIQLCJ9ptKd/?img_index=4

**ਪ੍ਰੈੱਸ ਇਨਫਰਮੇਸ਼ਨ ਬਿਊਰੋ**

https://www.pib.gov.in/newsite/PrintRelease.aspx?relid=133271&utm_source=chatgpt.com&reg=3&lang=2

************

**ਪੀਆਈਬੀ ਰਿਸਰਚ/ਏਕੇ**